# ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ

## The True Guru opens the veil of illusion

ਵਹਿਮ ਭਰਮ ਉਹ ਹੁੰਦੇ ਹਨ, ਜਿਨ੍ਹਾਂ ਦੀ ਕੁਦਰਤ ਦੇ ਨਿਯਮਾਂ ਅਨੁਸਾਰ ਕੋਈ ਅਸਲੀਅਤ ਨਹੀਂ ਹੁੰਦੀ ਹੈ। ਉਹ ਮਨੁੱਖ ਦੇ ਮਨ ਦੀ ਆਪਣੀ ਉਪਜ ਹੁੰਦੀ ਹੈ। ਜਿਸ ਦਾ ਕਾਰਨ ਜਿਆਦਾਤਰ ਕਿਸਮਤ, ਡਰ, ਜਾਦੂ, ਆਦਿ ਹੁੰਦਾ ਹੈ। ਵਹਿਮਾਂ ਭਰਮਾਂ ਦਾ ਕਾਰਨ, ਸਾਡਾ ਵਾਤਾਵਰਨ ਤੇ ਸਿਖਿਆ ਹੀ ਹੈ। ਹਰੇਕ ਕਿਰਿਆ ਕੁਦਰਤ ਦੇ ਨਿਯਮਾਂ ਤੇ ਨਿਰਭਰ ਕਰਦੀ ਹੈ। ਸਭ ਕੁਝ ਅਕਾਲ ਪੁਰਖ ਦੇ ਹੁਕਮੁ ਤੇ ਰਜਾ ਅਨੁਸਾਰ ਹੁੰਦਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਸਾਡੇ ਵਹਿਮਾਂ ਭਰਮਾਂ ਨਾਲ ਕੁਦਰਤ ਦੇ ਨਿਯਮ ਨਹੀਂ ਬਦਲਣੇ ਹਨ। ਜਿਹੜੇ ਮਨੁੱਖ ਅਕਾਲ ਪੁਰਖ ਦੇ ਹੁਕਮੁ ਨੂੰ ਨਹੀਂ ਪਹਿਚਾਨਦੇ, ਉਹ ਦੁਖੀ ਤੇ ਵਹਿਮਾਂ ਭਰਮਾਂ ਵਿਚ ਫਸੇ ਰਹਿੰਦੇ ਹਨ।

ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ (੮੫)

ਵਹਿਮਾਂ ਭਰਮਾਂ ਵਿਚੋਂ ਬਾਹਰ ਨਿਕਲਣ ਲਈ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣਾ ਹੈ।

ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥

ਸਤਿਗੁਰੁ ਸਾਰੇ ਭਰਮਾਂ ਦਾ ਗੜ੍ਹ ਤੋੜ ਦੇਂਦਾ ਹੈ।

ਪਉੜੀ ॥ ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥

ਇਹ ਸੰਸਾਰ ਵੀ ਇਕ ਸੁਪਨੇ ਦੀ ਤਰ੍ਹਾਂ ਹੀ ਹੈ, ਇਸ ਲਈ ਗੁਰਮੁਖਿ ਬਣ ਕੇ ਆਪਣੇ ਭਰਮ, ਭੈ ਤੇ ਮੋਹ ਨੂੰ ਮਿਟਾਉਣਾਂ ਹੈ।

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥ (੨੫੮)

ਜੇ ਕਰ ਅਸੀਂ ਸਬਦ ਗੁਰੂ ਦੀ ਸਿਖਿਆ ਦੁਆਰਾ ਅਕਾਲ ਪੁਰਖੁ ਦਾ ਨਾਮੁ ਪ੍ਰਾਪਤ ਕਰ ਲਈਏ ਤਾਂ ਅਸੀਂ ਆਪਣੇ ਭਰਮਾਂ ਦੇ ਪੜਦੇ ਖੋਲ ਸਕਦੇ ਹਾਂ।

ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥ {੩੮੫}

https://gurmat-research.com/
http://www.geocities.ws/sarbjitsingh/
www.onesikh.info